5.3 ਅਧਿਆਤਮਕ ਵਾਰ ਦੇ ਤੌਰ ਤੇ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵਾਰਾਂ ਦੀ ਬਾਹਰਲੀ ਸੰਰਚਨਾ ਦੇ ਮੂਲ ਲੱਛਣ ਡਾ. ਮਹਿੰਦਰ ਕੌਰ ਗਿੱਲ ਨੇ ਇਸ ਤਰ੍ਹਾਂ ਦਰਸਾਏ ਹਨ :-

(ੳ) ਪਉੜੀ ਦੇ ਆਰੰਭ ਵਿਚ ਸਲੋਕ ਦਰਜ ਕੀਤੇ ਜਾਂਦੇ ਹਨ- ਇਹ ਸਲੋਕ ਇਕ ਵੀ ਹੋ ਸਕਦਾ ਹੈ, ਦੋ ਤੇ ਤਿੰਨ ਵੀ। ਸਲੋਕਾਂ ਦੀ ਸੰਖਿਆ ਘਟਦੀ ਵੱਧਦੀ ਜਾਂਦੀ ਹੈ ਤੇ ਪਉੜੀ ਵਿਸ਼ੇਸ਼ ਦੇ ਆਰੰਭ ਨਾਲ ਹੀ ਸਮਾਪਤ ਹੋ ਜਾਂਦੀ ਹੈ। ਦੂਸਰੇ ਸ਼ਬਦਾਂ ਵਿਚ ਰਚਨਾ ਦੇ ਅਧਿਐਨ ਤੋਂ ਇਹ ਤਾਂ ਪਤਾ ਲੱਗ ਜਾਂਦਾ ਹੈ ਕਿ ਇਕ ਵਾਰ ਵਿਚ ਪਉੜੀਆਂ ਦੀ ਸੰਖਿਆ ਕਿੰਨੀ ਹੈ, ਪਰ ਇਸ ਤੋਂ ਉਲਟ ਸਲੋਕਾਂ ਦੀ ਕੁੱਲ ਸੰਖਿਆ ਤੁਰਦੀ ਤਾਂ ਹੈ, ਪਰ ਪਉੜੀ ਵਿਸ਼ੇਸ਼ ਦੇ ਆਰੰਭ ਤੋਂ ਪਹਿਲਾਂ ਹੀ ਅੰਕ ਸੰਕੇਤ ਰਾਹੀਂ ਦੱਸ ਦਿੱਤੀ ਜਾਂਦੀ ਹੈ ਤੇ ਬੱਸ ਇਹ ਗਿਣਤੀ ਸੰਕੇਤ ਪਉੜੀ ਵਾਂਗ ਜ਼ਰੂਰੀ ਨਹੀਂ ਤੇ ਨਾ ਹੀ ਅੰਤ ਉੱਪਰ ਇਹ ਪਤਾ ਲੱਗਦਾ ਹੈ ਕਿ ਵਾਰ ਵਿਸ਼ੇਸ਼ ਵਿਚ ਕਿੰਨੇ ਸਲੋਕ ਦਰਜ ਕੀਤੇ ਗਏ ਹਨ।

(ਅ) ਆਮ ਤੌਰ ਤੇ ਮਹਲਾ-ਸੰਕੇਤ ਪਉੜੀਆਂ ਦੇ ਰਚਣਹਾਰ ਦਾ ਸੰਕੇਤਕ ਹੈ। ਵਾਰ ਵਿਸ਼ੇਸ਼ ਵਿਚ ਸਲੋਕ ਕਿਸੇ ਵੀ ਗੁਰੂ ਦੇ ਹੋ ਸਕਦੇ ਹਨ, ਪਰ ਪਉੜੀ ਲਗਭਗ ਸੰਕੇਤਕ ਮਹਲੇ ਜਾਂ ਗੁਰੂ ਦੀ ਹੀ ਆ ਹੀ ਹੁੰਦੀ ਹੈ, ਸੰਦੇਹ ਨਹੀਂ। ਵਧੀ-ਵਧਾਈ ਇਕ ਅੱਧ ਪਉੜੀ ਕਿਸੇ ਹੋਰ ਗੁਰੂ ਦੀ ਵੀ ਆ ਜਾਂਦੀ ਹੈ, ਪਰ ਵਾਰ ਵਿਚ ਪਉੜੀ ਰਚਨਾ ਦਾ ਵਡੇਰਾ ਭਾਗ ਮਹਲਾ ਵਿਸ਼ੇਸ਼ ਦੁਆਰਾ ਹੀ ਰਚਿਤ ਹੁੰਦਾ ਹੈ।

(ੲ) ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਦੋ ਲੱਟ ਬੜੇ ਸਪਸ਼ਟ ਹਨ ਤੇ ਕਈ ਵਾਰੀ ਇਹ ਵਿਰੋਧ ਭਾਵ ਦਾ ਪ੍ਰਗਟਾਉ ਕਰਦੇ ਹਨ। ਉਦਾਹਰਣ ਵਜੋਂ ਆਸਾ ਦੀ ਵਾਰ ਦੇ ਸਲੋਕ ਤਤਕਾਲੀਨ ਸਮਾਜਿਕ ਯਥਾਰਥ ਨਾਲ ਸੰਬੰਧਿਤ ਹਨ ਤੇ ਪਉੜੀਆਂ ਪਾਰਲੌਕਿਕਤਾ ਨਾਲ। ਇਸੇ ਤਰ੍ਹਾਂ ਮਾਰੂ ਡਖਣੇ ਦੀ ਵਾਰ ਮਹਲਾ ੫ ਤੇ ਜੈਤਸਰੀ ਵਾਰ ਮਹਲਾ ੫ ਦੇ ਸਲੋਕ ਜਿਸ ਭਾਵ ਵਿਸ਼ੇਸ਼ ਨੂੰ ਚਿਤਰਤ ਕਰਦੇ ਹਨ, ਪਉੜੀਆਂ ਵੀ ਉਸੇ ਦਾ ਪ੍ਰਸਾਰ ਪ੍ਰਗਟਾਉ ਕਰਦੀਆਂ ਹਨ। ਅਜਿਹੀ ਹਾਲਤ ਵਿਚ ਰਚਨਾ ਵਿਚ ਪ੍ਰਵਾਹਿਤ ਦਵੰਦਾਤਮਕ ਤਣਾਉ ਹੀ ਵਾਰ ਵਿਸ਼ੇਸ਼ ਦਾ ਪ੍ਰਾਣ-ਤੱਤ ਹੁੰਦਾ ਹੈ।

(ਸ) ਕੁਝ ਅਜਿਹੀਆਂ ਵਾਰਾਂ ਵੀ ਹਨ ਜਿਨ੍ਹਾਂ ਦੇ ਸਲੋਕ ਤੇ ਪਉੜੀਆਂ ਦਾ ਰਚੈਤਾ ਇਕੋ ਹੀ ਹੈ। ਦੂਸਰੀ ਤਰ੍ਹਾਂ ਦੀਆਂ ਵਾਰਾਂ ਵਿਚ ਰਚੈਤਾ ਵਿਸ਼ੇਸ਼ ਦੇ ਨਾਲ-ਨਾਲ ਹੋਰਾਂ ਦੇ ਸਲੋਕ ਜਾਂ ਪਉੜੀਆਂ ਵੀ ਅੰਕਿਤ ਹਨ।

Scanned with CamScanner

(ੲ) ਆਦਿ ਗ੍ਰੰਥ ਵਿਚ ਦੋ ਵਾਰਾਂ ਅਜਿਹੀਆਂ ਵੀ ਹਨ ਜਿਨ੍ਹਾਂ ਦੇ ਆਰੰਭ ਵਿਚ ਸਲੋਕ ਦਰਜ ਨਹੀਂ ਕੀਤੇ ਗਏ ਤੇ ਉਹ ਨਿਰੋਲ ਪਉੜੀ ਰੂਪ ਵਿਚ ਹੀ ਪੇਸ਼ ਹੋਈਆਂ ਹਨ ਜਿਹਾ ਕਿ ਬਸੰਤ ਦੀ ਵਾਰ ਮਹੱਲਾ ੫ ਤੇ ਰਾਮਕਲੀ ਦੀ ਵਾਰ ਤਥਾ ਸੱਤੇ ਅਤੇ ਬਲਵੰਡ ~~ਤੇ~~ ਡੂਮ ਆਖੀ। ਇਹ ਦੋਵੇਂ ਸੰਗਰਚਨਾ ਪੱਖੋਂ ਇਕਸਾਰ ਹਨ। ਦੋਹਾਂ ਦੀ ਮਹਿਮਾ ਸੁੱਖ ਹਨ। ਦੋਵੇਂ ਹੀ ਧਾਰਮਿਕ ਸੰਬੰਧਾਂ ਨਾਲ ਗੜੁਚ ਹਨ। ਦੋਵੇਂ ਹੀ ਆਕਾਰ ਵਿਚ ਛੋਟੀਆਂ ਹਨ, ਦੋਹਾਂ ਵਿਚੋਂ ਆਲੋਚਨਾਤਮਕ ਸੁਰ ਗਾਇਬ ਹੈ।

Scanned with CamScanner